ਪੰਜਾਬੀ ਯੂਨੀਵਰਸਿਟੀ, ਪਟਿਆਲਾ
(1961 ਦੇ ਪੰਜਾਬ ਐਕਟ ਨੰ.35 ਤਹਿਤ ਸਥਾਪਤ)

**ਡਾਇਰੈਕਟੋਰੇਟ ਆਫ਼ ਸਪੋਰਟਸ**

## ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ 62ਵੀਂ ਸਾਲਾਨਾ ਐਥਲੈਟਿਕ ਮੀਟ
## 29 ਤੋਂ 31 ਅਕਤੂਬਰ, 2025, ਸਿੰਥੈਟਿਕ ਐਥਲੈਟਿਕ ਟਰੈਕ, ਪੰਜਾਬੀ ਯੂਨੀਵਰਸਿਟੀ ਕੈਂਪਸ, ਪਟਿਆਲਾ

ਨੰ: ਐਥ:/25-26/ਡਸ/2566/ਈ.ਮੇਲ.
ਮਿਤੀ: 10/10/2025

ਪ੍ਰਿੰਸੀਪਲ/ਮੁਖੀ/ਇੰਚਾਰਜ਼ ਸਾਹਿਬਾਨ ਜੀਓ
ਸਮੂਹ ਸੰਬੰਧਿਤ ਕਾਲਜ/ਵਿਭਾਗ/ਸੈਂਟਰ

ਆਪ ਜੀ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਖੇਡ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਮਾਣਯੋਗ ਵਾਈਸ ਚਾਂਸਲਰ ਸਾਹਿਬ ਜੀ ਦੀ ਸਰਪ੍ਰਸਤੀ ਹੇਠ 62ਵੀਂ ਸਾਲਾਨਾ ਐਥਲੈਟਿਕ ਮੀਟ ਹੇਠ ਲਿਖੇ ਅਨੁਸਾਰ ਪੰਜਾਬੀ ਯੂਨੀਵਰਸਿਟੀ ਕੈਂਪਸ ਵਿਖੇ ਆਯੋਜਿਤ ਕਰਵਾਈ ਜਾ ਰਹੀ ਹੈ। ਇਸ ਐਥਲੈਟਿਕ ਮੀਟ ਦਾ ਉਦਘਾਟਨ ਮਾਣਯੋਗ ਵਾਈਸ ਚਾਂਸਲਰ ਸਾਹਿਬ ਮਿਤੀ 29-10-2025 ਨੂੰ ਸਵੇਰੇ 10.00 ਵਜੇ ਕਰਨਗੇ।

ਆਪ ਜੀ ਨੂੰ ਬੇਨਤੀ ਹੈ ਕਿ ਇਹਨਾਂ ਮੁਕਾਬਲਿਆਂ ਦੌਰਾਨ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਲਈ ਇਸ ਸਮਾਰੋਹ ਤੇ ਪਹੁੰਚਣ ਦੀ ਕ੍ਰਿਪਾਲਤਾ ਕਰਨੀ। ਆਪ ਜੀ ਦੀ ਸ਼ਮੂਲੀਅਤ ਜਿੱਥੇ ਖਿਡਾਰੀਆਂ ਦਾ ਹੌਸਲਾ ਵਧਾਏਗੀ ਉੱਥੇ ਸਾਡੇ ਲਈ ਵੀ ਬਹੁਤ ਮਾਣ ਵਾਲੀ ਗੱਲ ਹੋਵੇਗੀ। ਇਸ ਖਿੱਤੇ ਵਿੱਚ ਖੇਡ ਸੱਭਿਆਚਾਰ ਨੂੰ ਹੋਰ ਪ੍ਰਫੁੱਲਤ ਕਰਨ ਲਈ ਆਪ ਜੀ ਦਾ ਸਹਿਯੋਗ ਅਤਿ ਜ਼ਰੂਰੀ ਹੈ। ਮੈਨੂੰ ਪੂਰਨ ਆਸ ਹੈ ਕਿ ਆਪ ਪੂਰੇ ਉਤਸ਼ਾਹ ਨਾਲ ਇਸ ਐਥਲੈਟਿਕ ਮੀਟ ਵਿੱਚ ਸ਼ਾਮਲ ਹੋ ਕੇ ਸਾਡਾ ਮਾਣ ਵਧਾਓਗੇ। ਇਸ ਐਥਲੈਟਿਕ ਮੀਟ ਵਿੱਚੋਂ ਅੰਤਰ-ਯੂਨੀਵਰਸਿਟੀ ਐਥਲੈਟਿਕ ਚੈਂਪੀਅਨਸ਼ਿਪ ਲਈ ਯੂਨੀਵਰਸਿਟੀ ਟੀਮਾਂ ਦੀ ਚੋਣ ਵੀ ਕੀਤੀ ਜਾਵੇਗੀ।

| **ਮੁਕਾਬਲਿਆਂ ਦੀਆਂ ਮਿਤੀਆਂ** | **ਡਿਟੇਲ ਐਂਟਰੀ ਫਾਰਮ ਭੇਜਣ ਦੀ ਅੰਤਿਮ ਮਿਤੀ** |
|---|---|
| **29, 30 ਅਤੇ 31 ਅਕਤੂਬਰ, 2025** | **17-10-2025** |

ਸਾਰੇ ਪੁਰਸ਼ ਅਤੇ ਮਹਿਲਾ ਟੀਮਾਂ/ਐਥਲੀਟਾਂ ਦਾ ਡਿਟੇਲ ਐਂਟਰੀ ਫਾਰਮ ਮਿਤੀ **17-10-2025** ਤੱਕ ਵਿਭਾਗ ਦੀ ਈ.ਮੇਲ. **dirsports@pbi.ac.in** ਤੇ ਪੁੱਜ ਜਾਣੇ ਚਾਹੀਦੇ ਹਨ ਤਾਂ ਜੋ ਸਮੇਂ ਸਿਰ ਚੈੱਸਟ ਨੰਬਰ, ਹੀਟਾਂ ਅਤੇ ਸਕੋਰ ਸ਼ੀਟਾਂ ਆਦਿ ਬਣਾ /ਤਿਆਰ ਕਰ ਲਈਆਂ ਜਾਣ। ਮਿਤੀ 17-10-2025 ਤੋਂ ਬਾਅਦ ਕੋਈ ਵੀ ਖੇਡ ਯੋਗਤਾ ਪ੍ਰੋਫ਼ਾਰਮਾ, ਰਜਿਸਟ੍ਰੇਸ਼ਨ ਫਾਰਮ, ਡਿਟੇਲ ਐਂਟਰੀ ਫਾਰਮ ਸਵੀਕਾਰ ਨਹੀਂ ਕੀਤਾ ਜਾਵੇਗਾ ਅਤੇ ਨਾਂ ਹੀ ਕੋਈ ਤਬਦੀਲੀ ਕੀਤੀ ਜਾਵੇਗੀ।

ਖੇਡਣ ਯੋਗਤਾ ਪ੍ਰੋਫ਼ਾਰਮਾ ਅਤੇ ਰਜਿਸਟ੍ਰੇਸ਼ਨ ਫਾਰਮ ਟੀਮ ਇੰਚਾਰਜ਼ ਵੱਲੋਂ ਵਿਭਾਗ ਵਿਖੇ ਚੈੱਸਟ ਨੰਬਰ ਪ੍ਰਾਪਤ ਕਰਨ ਦੌਰਾਨ ਸਬੰਧਤ ਕਮੇਟੀ ਨੂੰ ਜਮ੍ਹਾਂ ਕਰਵਾਏ ਜਾਣਗੇ। ਹਰੇਕ ਈਵੈਂਟ ਵਿੱਚ ਇਕ ਕਾਲਜ ਵੱਲੋਂ ਦੋ ਐਥਲੀਟਾਂ ਦੀ ਐਂਟਰੀ ਭੇਜੀ ਜਾ ਸਕਦੀ ਹੈ ਅਤੇ ਇਕ ਰਿਜ਼ਰਵ ਐਥਲੀਟ ਭੇਜਿਆ ਜਾ ਸਕਦਾ ਹੈ। ਜੇਕਰ ਕਿਸੇ ਈਵੈਂਟ ਵਿੱਚ ਦੋ ਤੋਂ ਵੱਧ ਐਂਟਰੀਆਂ ਹੋਣਗੀਆਂ ਤਾਂ ਪਹਿਲੀਆਂ ਦੋ ਐਂਟਰੀਆਂ ਰੱਖ ਕੇ ਬਾਕੀ ਐਂਟਰੀਆਂ ਮਨਸੂਖ ਕਰ ਦਿੱਤੀਆਂ ਜਾਣਗੀਆਂ। **ਇੱਕ ਐਥਲੀਟ ਕੇਵਲ ਦੋ ਈਵੈਂਟ ਅਤੇ ਇੱਕ ਰਿਲੇਅ ਦੌੜ ਅਤੇ ਇਕ ਮਿਕਸਡ ਰਿਲੇਅ ਈਵੈਂਟ ਵਿੱਚ ਭਾਗ ਲੈ ਸਕਦਾ ਹੈ।**

ਜਿਵੇਂ ਕਿ ਆਪ ਨੂੰ ਪਤਾ ਹੀ ਹੈ ਕਿ ਅੰਤਰਵਰਸਿਟੀ ਮੁਕਾਬਲਿਆਂ ਵਿਚ ਵਧੀਆ ਨਤੀਜੇ ਪ੍ਰਾਪਤ ਕਰਨ ਲਈ ਪਿਛਲੇ ਸਾਲ ਦੇ ਅੰਤਰਵਰਸਿਟੀ ਨਤੀਜਿਆਂ ਦੇ ਆਧਾਰ ਤੇ ਨਵੇਂ ਸੈਸ਼ਨ ਦੀ ਟੀਮ ਦੀ ਤਿਆਰੀ ਲਈ ਨਿਰਧਾਰਿਤ ਮਾਪਦੰਡ/ਕੁਆਲੀਫਾਇੰਗ ਸਟੈਂਡਰਡ ਅਨੁਸਾਰ ਹੀ ਖਿਡਾਰੀਆਂ ਨੂੰ ਐਥਲੈਟਿਕ ਮੀਟ ਵਿਚ ਭਾਗ ਲੈਣ ਲਈ ਚੁਣਿਆ ਜਾਂਦਾ ਹੈ। ਇਸ ਲਈ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਵਿਭਾਗ ਵੱਲੋਂ ਭੇਜੇ ਗਏ ਕੁਆਲੀਫਾਇੰਗ ਸਟੈਂਡਰਡ ਮੁਤਾਬਕ ਹੀ ਖਿਡਾਰੀਆਂ ਦੀ ਚੋਣ ਕਰਕੇ ਉਹਨਾਂ ਨੂੰ ਐਥਲੈਟਿਕ ਮੀਟ ਲਈ ਭੇਜਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਪੰਜਾਬੀ ਯੂਨੀਵਰਸਿਟੀ ਦੇ ਖਿਡਾਰੀ ਅੰਤਰਵਰਸਿਟੀ ਮੁਕਾਬਲਿਆਂ ਵਿਚ ਵੱਧ ਤੋਂ ਵੱਧ ਮੈਡਲ ਪ੍ਰਾਪਤ ਕਰ ਸਕਣ ਜੀ। ਇਸਦੇ ਨਾਲ ਹੀ ਇਹ ਵੀ **ਵੇਖਣ ਵਿਚ ਆਇਆ ਹੈ ਕਿ ਕਈ ਕਾਲਜਾਂ ਦੇ ਖਿਡਾਰੀ, ਜਿਹਨਾਂ ਦਾ ਨਾਮ ਡਿਟੇਲ ਐਂਟਰੀ ਵਿਚ ਦਰਜ ਹੁੰਦਾ ਹੈ, ਉਹ ਮੌਕੇ ਤੇ ਭਾਗ ਲੈਣ ਨਹੀਂ ਆਉਂਦੇ, ਜਿਸ ਕਰਕੇ ਵਿਭਾਗ ਦਾ ਬਹੁਤ ਸਾਰਾ ਸਮਾਂ/ਸਟੇਸ਼ਨਰੀ ਆਦਿ ਨਸ਼ਟ ਹੁੰਦੀ ਹੈ। ਇਸ ਲਈ ਆਪ ਜੀ ਵੱਲੋਂ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਜਿਹਨਾਂ ਖਿਡਾਰੀਆਂ ਦੀ ਡਿਟੇਲ ਐਂਟਰੀ ਵਿਭਾਗ ਨੂੰ ਭੇਜੀ ਗਈ ਹੈ, ਉਹ ਸਾਰੇ ਹੀ ਖਿਡਾਰੀ ਸੰਬੰਧਿਤ ਈਵੈਂਟਾਂ ਵਿਚ ਲਾਜ਼ਮੀ ਭਾਗ ਲੈਣ ਜੀ।**

**ਜ਼ਰੂਰੀ ਹਦਾਇਤਾਂ:**

1. ਖਿਡਾਰੀਆਂ ਦੇ ਚੈਸਟ ਨੰਬਰ ਮਿਤੀ 28-10-2025 ਨੂੰ ਸੰਬੰਧਿਤ ਟੀਮਾਂ ਦੇ ਇੰਚਾਰਜ/ਪ੍ਰੋਫੈਸਰ ਫਿਜ਼ੀਕਲ ਐਜੂਕੇਸ਼ਨ ਨੂੰ ਬਾਅਦ ਦੁਪਹਿਰ 2.00 ਵਜੇ ਤੋਂ 5.00 ਵਜੇ ਤੱਕ ਦਿੱਤੇ ਜਾਣਗੇ।
2. ਐਥਲੈਟਿਕ ਮੀਟ ਦਾ ਉਦਘਾਟਨ ਮਾਣਯੋਗ ਵਾਈਸ ਚਾਂਸਲਰ ਸਾਹਿਬ ਵੱਲੋਂ ਕੀਤਾ ਜਾਵੇਗਾ। ਇਸ ਲਈ ਉਦਘਾਟਨੀ ਸਮਾਰੋਹ ਦੌਰਾਨ ਟੀਮਾਂ ਦਾ ਮਾਰਚ ਪਾਸਟ ਵੀ ਕਰਵਾਇਆ ਜਾਵੇਗਾ। ਸਮੂਹ ਟੀਮਾਂ ਦਾ ਮਾਰਚ ਪਾਸਟ ਵਿਚ ਹਿੱਸਾ ਲੈਣਾ ਲਾਜ਼ਮੀ ਹੈ। ਟੀਮ ਇੰਚਾਰਜ਼ ਦਾ ਮਾਰਚ ਪਾਸਟ ਮੌਕੇ ਹਾਜ਼ਰ ਹੋਣਾ ਲਾਜ਼ਮੀ ਹੈ ਅਤੇ ਉਹਨਾਂ ਵੱਲੋਂ ਆਪਣੇ ਕਾਲਜ ਦਾ ਝੰਡਾ ਨਾਲ ਲਿਆਉਣਾ ਯਕੀਨੀ ਬਣਾਇਆ ਜਾਵੇ ਜੀ।
3. ਰਿਹਾਇਸ਼ ਕਮੇਟੀ ਵੱਲੋਂ ਮੁਕਾਬਲਿਆਂ ਲਈ ਰਿਪੋਰਟ ਕਰਨ ਵਾਲੀਆਂ ਟੀਮਾਂ/ਖਿਡਾਰੀਆਂ ਨੂੰ ਰਿਹਾਇਸ਼ ਇਕ ਦਿਨ ਪਹਿਲਾਂ (ਬਾਅਦ ਦੁਪਹਿਰ 2.00 ਵਜੇ ਤੋਂ 5.00 ਵਜੇ ਤੱਕ) ਮੁਹੱਈਆ ਕਰਵਾਈ ਜਾਵੇਗੀ।
4. **ਟੀਮਾਂ ਦੀ ਰਿਹਾਇਸ਼ ਵਿਖੇ ਲੜਕੇ ਅਤੇ ਲੜਕੀਆਂ ਦੇ ਅਨੁਸ਼ਾਸਨ ਦੀ ਜ਼ਿੰਮੇਵਾਰੀ ਟੀਮ ਇੰਚਾਰਜ ਦੀ ਹੋਵੇਗੀ।**
5. ਟੀਮਾਂ ਲੋੜ ਅਨੁਸਾਰ ਆਪਣੇ ਬਿਸਤਰੇ ਆਦਿ ਨਾਲ ਲੈ ਕੇ ਆਉਣਾ ਯਕੀਨੀ ਬਨਾਉਣ।
6. ਹਰੇਕ ਕਾਲਜ ਦੇ ਟੀਮ ਇੰਚਾਰਜ਼ ਦੀ ਨਿੱਜੀ ਜ਼ਿੰਮੇਵਾਰੀ ਹੋਵੇਗੀ ਕਿ ਉਹਨਾਂ ਦੀ ਟੀਮ ਦੇ ਕਿਸੇ ਵੀ ਖਿਡਾਰੀ ਵੱਲੋਂ ਕਿਸੇ ਵੀ ਤਰ੍ਹਾਂ ਦੀ ਇਤਰਾਜ ਯੋਗ ਦਵਾਈ ਆਦਿ ਦੀ ਵਰਤੋਂ ਨਹੀਂ ਕੀਤੀ ਜਾਵੇਗੀ। ਖਿਡਾਰੀਆਂ ਦੇ ਕਿੱਟ ਬੈਗ ਆਦਿ ਕਿਸੇ ਵੀ ਸਮੇਂ ਚੈੱਕ ਕੀਤੇ ਜਾ ਸਕਦੇ ਹਨ। ਜੇਕਰ ਕਿਸੇ ਖਿਡਾਰੀ ਪਾਸੋਂ ਇਤਰਾਜ਼ ਯੋਗ ਦਵਾਈ, ਟੀਕਾ, ਸਰਿੰਜ ਆਦਿ ਪਾਈ ਜਾਂਦੀ ਹੈ ਤਾਂ ਉਸ ਉੱਪਰ ਬਣਦੀ ਯੋਗ ਕਾਰਵਾਈ ਕੀਤੀ ਜਾਵੇਗੀ ਅਤੇ ਸਬੰਧਤ ਕਾਲਜ ਦੀ ਟੀਮ ਵੀ ਸਕਰੈਚ ਕੀਤੀ ਜਾ ਸਕਦੀ ਹੈ।

**ਵਿਸ਼ੇਸ਼ ਧਿਆਨ ਯੋਗ ਹਦਾਇਤਾਂ:**

1. ਯੋਗਤਾ ਪ੍ਰੋਫ਼ਾਰਮੇ ਅੰਗਰੇਜ਼ੀ ਅਤੇ ਪੰਜਾਬੀ ਦੋਹਾਂ ਭਾਸ਼ਾਵਾਂ ਵਿੱਚ ਭਰੇ ਜਾਣ।
2. **ਪਹਿਲੇ ਦਿਨ ਭਾਵ ਮਿਤੀ 29-10-2025 ਨੂੰ ਸਵੇਰੇ 07.45 ਵਜੇ 10000 ਮੀਟਰ ਫਾਈਨਲ (ਲੜਕੇ) ਅਤੇ 08.15 ਵਜੇ 800 ਮੀਟਰ ਹੀਟਸ (ਲੜਕੇ) ਸ਼ੁਰੂ ਹੋਣਗੇ।**
3. ਸਾਰੇ ਐਥਲੀਟਾਂ ਕੋਲ ਪ੍ਰਿੰਸੀਪਲ ਵੱਲੋਂ ਤਸਦੀਕਸ਼ੁਦਾ, ਕਾਲਜ ਦਾ ਸ਼ਨਾਖਤੀ ਕਾਰਡ ਹੋਣਾ ਲਾਜ਼ਮੀ ਹੈ।
4. ਸਾਰੇ ਐਥਲੀਟਾਂ ਦਾ ਆਪਣੇ ਅਸਲ ਅਕਾਦਮਿਕ ਸਰਟੀਫਿਕੇਟਸ ਨਾਲ ਲੈ ਕੇ ਆਉਣੇ ਲਾਜ਼ਮੀ ਹਨ।
5. ਸਾਰੇ ਖਿਡਾਰੀ ਪੂਰੀ ਕਿੱਟ ਵਿੱਚ ਹੋਣੇ ਚਾਹੀਦੇ ਹਨ, ਇਸ ਤੋਂ ਬਿਨਾਂ ਕਿਸੇ ਖਿਡਾਰੀ ਨੂੰ ਮੁਕਾਬਲਿਆਂ ਵਿੱਚ ਭਾਗ ਨਹੀਂ ਲੈਣ ਦਿੱਤਾ ਜਾਵੇਗਾ।
6. ਖਿਡਾਰੀ ਅਤੇ ਖਿਡਾਰਣਾਂ ਦੇ ਨਾਲ ਕਾਲਜ ਦੇ ਇੰਚਾਰਜ਼ ਦਾ ਹੋਣਾ ਲਾਜ਼ਮੀ ਹੈ।
7. ਭਾਗ ਲੈਣ ਵਾਲੀਆਂ ਟੀਮਾਂ/ਖਿਡਾਰੀਆਂ ਦਾ ਰਜਿਸਟ੍ਰੇਸ਼ਨ ਫਾਰਮ ਭਰ ਕੇ ਯੋਗਤਾ ਪ੍ਰੋਫ਼ਾਰਮੇ ਦੇ ਨਾਲ ਲਿਆਉਣਾ ਲਾਜ਼ਮੀ ਹੈ। ਫਾਰਮ ਤੇ ਖਿਡਾਰੀ ਅਤੇ ਸੰਬੰਧਿਤ ਪ੍ਰੋ./ਟੀਮ ਇੰਚਾਰਜ਼ ਦੇ ਹਸਤਾਖਰ ਹੋਣੇ ਜ਼ਰੂਰੀ ਹਨ। ਰਜਿਸਟ੍ਰੇਸ਼ਨ ਫਾਰਮ ਅਤੇ ਇਸ ਵਿੱਚ ਲਗਾਈ ਗਈ ਹਰੇਕ ਫੋਟੋ ਵੀ ਸੰਬੰਧਿਤ ਕਾਲਜ ਦੇ ਪ੍ਰਿੰਸੀਪਲ ਸਾਹਿਬ ਪਾਸੋਂ ਤਸਦੀਕ ਕਰਵਾ ਕੇ ਨਾਲ ਲਿਆਉਣੀ ਲਾਜ਼ਮੀ ਹੈ। ਰਜਿਸਟ੍ਰੇਸ਼ਨ ਫਾਰਮ ਅਤੇ ਯੋਗਤਾ ਪ੍ਰੋਫ਼ਾਰਮੇ ਤੋਂ ਬਿਨਾਂ ਖਿਡਾਰੀਆਂ ਨੂੰ ਐਥਲੈਟਿਕ ਮੀਟ ਵਿੱਚ ਭਾਗ ਨਹੀਂ ਲੈਣ ਦਿੱਤਾ ਜਾਵੇਗਾ।

**ਨੱਥੀ/ਡਿਟੇਲ ਐਂਟਰੀ ਪ੍ਰੋਫ਼ਾਰਮਾ, ਰਜਿਸਟ੍ਰੇਸ਼ਨ ਫਾਰਮ, ਯੋਗਤਾ ਫਾਰਮ ਅਤੇ ਕੁਆਲੀਫਾਇੰਗ ਸਟੈਂਡਰਡ**

9/10/2025
ਡਾਇਰੈਕਟਰ ਸਪੋਰਟਸ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ;

1. ਸਹਾਇਕ ਡਾਇਰੈਕਟਰ ਸਪੋਰਟਸ, ਖੇਡ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
2. ਸੰਬੰਧਿਤ ਕੋਚਿਜ਼/ਇੰਸਟ੍ਰਕਟਰਜ਼/ਇੰਚਾਰਜ਼, ਖੇਡ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
3. ਨਿਗਰਾਨ (ਸਪੋਰਟਸ) , ਖੇਡ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ - ਸਮੂਹ ਦਫ਼ਤਰੀ/ਗਰਾਊਂਡ ਸਟਾਫ਼ ਦੀ ਜਾਣਕਾਰੀ ਅਤੇ ਅਗਲੇਰੀ ਕਾਰਵਾਈ ਹਿੱਤ।